# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੧

# ਹੁਕਮਿ ਰਜਾਈ ਚਲਣਾ

- ਅਸੀਂ ਪ੍ਰਭੂ ਦੇ ਨੇੜੇ ਕਿਵੇਂ ਹੋ ਸਕਦੇ ਹਾਂ?
- ਕਿਵੇਂ ਉਸਦੇ ਸੱਚੇ ਬਣ ਸਕਦੇ ਹਾਂ?
- ਭਰਮ ਤੇ ਕੂੜ ਦਾ ਢੇਰ ਕਿੰਝ ਢਹਿ ਜਾਵੇ ?
- ਬੱਸ ਇੱਕੋ ਇੱਕ ਰਾਹ ਹੈ...
  ਪ੍ਰਭੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨੀਏ।
- ਜੋ ਹੋਇਆ...ਜੋ ਹੋ ਰਿਹਾ ਹੈ... ਜੋ ਹੋਵੇਗਾ...
  ਸਭ ਚੰਗਾ ਹੈ, ਸਭ ਮਿੱਠਾ ਹੈ ਜੀ...
- ਇਹ ਜੀਵਨ ਦਾ ਤਤਸਾਰ ਹੈ।

Let us joyfully and willingly accept the will of God and His doings.
Life will be full of divine enlightenment and bliss.

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੨

## ਹੁਕਮੀ ਉਤਮੁ ਨੀਚੁ...

ਅਸਲ ਵਿੱਚ ਇਸ ਸੰਸਾਰ ਅੰਦਰ
ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ।
ਇਹ ਤਾਂ ਪ੍ਰਭੂ ਦੀ ਖੇਡ ਹੀ ਹੈ
ਜੋ ਕਿਸੇ ਪਾਸੋਂ ਚੰਗੇ / ਮਾੜੇ
ਕੰਮ ਕਰਵਾ ਕੇ
ਦੁੱਖ ਸੁੱਖ ਦੀ ਖੇਡ ਖਿਡਾਉਂਦਾ ਹੈ।

By His Command,
we are what we are.
No one is really
too good or too bad.

## “ਜਪੁ ਜੀ ਸਾਹਿਬ”– ਵੀਚਾਰ ਪ੍ਰਵਾਹ

# ੩

# ਅੰਮ੍ਰਿਤ ਵੇਲਾ ਸਚੁ ਨਾਉ
# ਵਡਿਆਈ ਵੀਚਾਰੁ

ਅਸੀਂ ਕੀ ਬੋਲੀਏ ?
ਕੀ ਜਪੀਏ ? ਕਦੋਂ ਜਪੀਏ ?
ਕਿ ਪ੍ਰਮਾਤਮਾ ਸਾਡੇ ਨਾਲ ਪਿਆਰ ਕਰੇ...

ਬਸ ! ਅੰਮ੍ਰਿਤ ਵੇਲੇ ਨਾਮ ਸਿਮਰੀਏ,
ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰੀਏ।

In the wee hours,
meditate on His Truth,
His Supreme Sway and
ponder over His greatness.

**Sukrit**
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੫

## ਜਿਨਿ ਸੇਵਿਆ
## ਤਿਨਿ ਪਾਇਆ ਮਾਣੁ

ਜੋ ਪ੍ਰਭੂ ਦੀ ਅਰਾਧਨਾ ਕਰਦੇ ਹਨ,
ਯਾਦ ਵਿੱਚ ਜੁੜਦੇ ਹਨ,
ਉਹਨਾਂ ਨੂੰ ਵਡਿਆਈ ਮਿਲਦੀ ਹੈ।

Those who meditate,
serve Him, love Him,
receive His honours.

Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੫

## ਗੁਰਾ ਇਕ ਦੇਹਿ ਬੁਝਾਈ ॥
## ਸਭਨਾ ਜੀਆ ਕਾ ਇਕੁ ਦਾਤਾ
## ਸੋ ਮੈ ਵਿਸਰਿ ਨ ਜਾਈ ॥

ਹੇ ਗੁਰੂ ਜੀ !
ਮੈਨੂੰ ਇੱਕ ਸਮਝ ਦਿਓ ਕਿ
ਸਭ ਨੂੰ ਦਾਤਾਂ ਦੇਣ ਵਾਲੇ ਰੱਬ ਨੂੰ
ਮੈਂ ਕਦੇ ਨਾ ਭੁੱਲਾਂ, ਕਦੇ ਨਾ ਵਿਸਾਰਾਂ।

**O True Guru !**
**make me comprehend that**
**God is the only bestower.**
**I must never forget Him.**

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੬

## ਮਤਿ ਵਿਚਿ ਰਤਨ ਜਵਾਹਰ ਮਾਣਿਕ
## ਜੇ ਇਕ ਗੁਰ ਕੀ ਸਿਖ ਸੁਣੀ

ਗੁਰੂ ਦੀ ਇਕ ਸਿੱਖਿਆ ਨਾਲ ਹੀ ਸਾਡੇ ਅੰਦਰ ਰਤਨ, ਜਵਾਹਰ ਤੇ ਮੋਤੀਆਂ ਵਰਗੇ ਕੀਮਤੀ ਆਤਮਕ ਗੁਣ ਪੈਦਾ ਹੋ ਜਾਂਦੇ ਹਨ।

Imbibing Guru's one instruction, invaluable gems, jewels, diamonds, rubies of Godly goodness and bliss are found within ourselves.

"ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੭

# ਸੁਣਿਐ ਪੋਹਿ ਨ ਸਕੈ ਕਾਲੁ

ਸਭ ਤੋਂ ਵੱਡਾ ਤੇ ਭਿਆਨਕ ਡਰ ਮੌਤ ਦਾ ਡਰ ਹੈ।
ਪਰ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਟਿਕਾਉਣ ਵਾਲਿਆਂ ਨੂੰ ਇਹ ਡਰ ਵੀ ਨਹੀਂ ਡਰਾਉਂਦਾ।

Death cannot frighten them, who absorb God's Name, within self.

## "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# t

# ਨਾਨਕ
# ਭਗਤਾ ਸਦਾ ਵਿਗਾਸੁ

ਭਗਤ ਹਰ ਵੇਲੇ, ਹਰ ਹਾਲਤ, ਅਨੰਦ, ਖੇੜੇ ਵਿੱਚ ਹੀ ਵਿਚਰਦੇ ਹਨ।

ਨਾਮ ਜਪਣ ਵਾਲੇ ਤਾਂ ਦੁਖ-ਸੁਖ, ਮਾਨ-ਸਨਮਾਨ ਵਿੱਚ ਵੀ ਅਡੋਲ ਰਹਿੰਦੇਂ ਹਨ।

**O, Nanak! by absorbing the God's Name within, His devotees remain ever in bliss.**

## "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੯

# ਸੁਣਿਐ
# ਦੂਖ ਪਾਪ ਕਾ ਨਾਸੁ

ਦੁੱਖ ਹੀ ਦੁੱਖ – ਦੁੱਖਾਂ ਦੀ ਪੰਡ ਹਰ ਵੇਲੇ ਮਨੁੱਖ ਚੁੱਕੀ ਫਿਰਦਾ ਹੈ। ਪਾਪ ਵੀ ਨਿੱਤ ਚਿਤਵਦਾ ਹੈ, ਕਰਦਾ ਹੈ।
ਪਰ ਨਾਮ ਵਿੱਚ ਜੁੜਦਿਆਂ,
ਦੁੱਖਾਂ ਤੇ ਕਲੇਸ਼ਾਂ ਦਾ ਨਾਸ ਹੋ ਜਾਦਾਂ ਹੈ।

Sufferings and sins vanish, when we absorb God within.

**Sukrit**
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

"ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੧੦

## ਸੁਣਿਐ
## ਸਰਾ ਗੁਣਾ ਕੇ ਗਾਹ

ਪ੍ਰਭੂ ਦੇ ਨਾਮ ਵਿੱਚ
ਸੁਰਤ ਜੋੜੀਏ, ਇਕਾਗਰ ਹੋਈਏ,
ਇੰਝ ਸਧਾਰਨ ਮਨੁੱਖ ਵੀ
ਬੇਅੰਤ ਗੁਣਾਂ ਦੀ ਸੋਝੀ ਪਾ ਲੈਂਦੇ ਹਨ।

By absorbing God and
His Name within,
we have access to
innumerable and
limitless virtues of life.

Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

# ੧੧

## ਕਰਤੇ ਕੈ ਕਰਣੈ ਨਾਹੀ ਸੁਮਾਰੁ

ਪਰਮਾਤਮਾ ਅਤੇ ਉਸਦੀ ਕੁਦਰਤ
ਦਾ ਅੰਤ ਲੱਭਣਾ
ਸੰਭਵ ਨਹੀਂ।

God and His Creation
is countless.

# ੧੨

## ਹੁਕਮਿ ਮਿਲੈ ਵਡਿਆਈ...

ਸਾਡੀ ਅੰਤਰੀਵ ਲੋਚਾ ਹੈ...
ਮੇਰੀ ਸੋਭਾ ਹੋਵੈ, ਵਡਿਆਈ ਮਿਲੇ...
ਪਰ ਇਹ ਹੋਵੇ ਕਿਵੇਂ?
ਨਾਮ ਜਪੀਏ...
ਸੱਚੀ ਸੁੱਚੀ ਕਿਰਤ ਕਰੀਏ,
ਹੁਕਮ ਮੰਨਿਆਂ ਹੀ ਸੋਭਾ ਮਿਲਦੀ ਹੈ

The real honours of life are obtained by submitting to His will.

“ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

# ੧੩

# ਜੋ ਤੁਧੁ ਭਾਵੈ
# ਸਾਈ ਭਲੀ ਕਾਰ

ਹੇ ਪ੍ਰਮਾਤਮਾ,
ਜੋ ਤੈਨੂੰ ਚੰਗਾ ਲੱਗਦਾ ਹੈ,
ਉਹ ਕੰਮ ਭਲਾ ਹੈ
ਤੇਰੀ ਰਜ਼ਾ ਵਿੱਚ ਰਹਿਣਾ ਹੀ ਚੰਗਾ ਹੈ।

**Whatever pleases You**
**is my Sweet acceptance.**
**Living in His Will**
**is good and pure.**

# ੧੪

## ਜੇਤਾ ਕੀਤਾ ਤੇਤਾ ਨਾਉ ॥
## ਵਿਣੁ ਨਾਵੈ ਨਾਹੀ ਕੋ ਥਾਉ ॥

ਇਹ ਸੰਸਾਰ ਅਕਾਲਪੁਰਖ ਦਾ
ਆਪਣਾ ਹੀ ਸਰੂਪ ਹੈ,
ਉਸੇ ਦੇ ਨਾਮ ਦਾ ਹੀ ਪਸਾਰਾ ਹੈ।
ਕੋਈ ਵੀ ਅਜਿਹੀ ਥਾਂ ਨਹੀਂ
ਜਿੱਥੇ ਪ੍ਰਮਾਤਮਾ ਦੇ ਨਾਮ ਦੀ ਬਰਕਤ ਨਾ
ਹੋਵੇ।

This whole creation is His manifestation.
His sway and His love.
No place is devoid of Him.
He is all pervading.

# “ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

## ੧੫

## ਭਰੀਐ ਮਤਿ ਪਾਪਾ ਕੈ ਸੰਗਿ ॥
## ਓਹੁ ਧੋਪੈ ਨਾਵੈ ਕੈ ਰੰਗਿ ॥

ਪਾਪਾਂ ਨਾਲ ਮਲੀਨ ਬੁੱਧੀ ਨੂੰ ਪ੍ਰਭੂ
ਦੇ ਨਾਮ ਨਾਲ ਧੋਤਾ ਜਾ ਸਕਦਾ ਹੈ।
ਨਾਮ ਦੀ ਰੰਗਣ
ਮਨ ਦੀ ਮੈਲ ਨੂੰ ਦੂਰ ਕਰ ਦਿੰਦੀ ਹੈ।

As man's intellect
gets defiled with sins,
God’s loving
meditation cleans it.

# ੧੬

## ਕਰਿ ਕਰਿ ਕਰਣਾ ਲਿਖਿ ਲੈ ਜਾਹੁ

ਜਿਹੋ ਜਿਹੇ ਕਰਮ ਕਰਾਂਗੇ,
ਤਿਹੋ ਜਿਹੇ ਸੰਸਕਾਰ ਆਪਣੇ ਅੰਦਰਿ
ਉੱਕਰ ਕੇ ਨਾਲ ਲੈ ਜਾਵਾਂਗੇ।

**Whatever we do,**
**the influence there of**
**is duly engraved**
**on our mind and**
**will accompany.**

# ੧੭

## ਆਪੇ ਬੀਜਿ
## ਆਪੇ ਹੀ ਖਾਹੁ

ਜੋ ਕੁੱਝ ਆਪ ਬੀਜਾਂਗੇ,

ਉਸ ਦਾ ਫਲ ਆਪ ਹੀ ਖਾਵਾਂਗੇ।

**As we sow**

**so shall we eat.**

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੧੮

## ਸਮੁੰਦ ਸਾਹ ਸੁਲਤਾਨ
## ਗਿਰਹਾ ਸੇਤੀ ਮਾਲੁ ਧਨੁ॥
## ਕੀੜੀ ਤੁਲਿ ਨ ਹੋਵਨੀ
## ਜੇ ਤਿਸੁ ਮਨਹੁ ਨ ਵੀਸਰਹਿ॥

ਰੂਹਾਨੀ ਭਉ ਭਾਵਨੀ ਤੋਂ ਕੋਰੇ
ਸਮੁੰਦਰਾਂ ਦੇ ਬਾਦਸ਼ਾਹ ਤੇ ਸੁਲਤਾਨ,
ਜਿਨ੍ਹਾਂ ਕੋਲ ਪਹਾੜਾਂ ਜਿੱਡੇ ਧਨ ਪਦਾਰਥ ਹੋਣ,
ਉਹਨਾਂ ਨਾਲੋਂ ਰੱਬੀ ਯਾਦ ਵਿਚ ਪਰੋਤੀ
ਕੀੜੀ ਵੀ ਚੰਗੀ ਹੈ।

Kings of oceans and
emperors, possessing
mountains of wealth,
are not equal to even an ant
in the eyes of God's devotee,
if that ant is in love with
God.

“ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

# ੧੯

# ਬਹੁਤਾ ਕਹੀਐ ਬਹੁਤਾ ਹੋਇ

ਜਿਉਂ ਜਿਉਂ ਕਹੀਏ ਕਿ ਪ੍ਰਭੂ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

**The more He is described, greater He seems.**

“ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

# ੨੦

## ਬਹੁਤਾ ਕਰਮੁ ਲਿਖਿਆ ਨਾ ਜਾਇ

ਪ੍ਰਭੂ ਦੀ ਬਖ਼ਸ਼ਿਸ ਏਨੀ ਵੱਡੀ ਹੈ ਕਿ ਲਿਖੀ ਨਹੀਂ ਜਾ ਸਕਦੀ।

God's grace
is so grand that
it cannot be written.

Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980
Self Help Project - 004

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੨੧

## ਕੇਤੇ
## ਖਪਿ ਤੁਟਹਿ ਵੇਕਾਰ

ਕਈ ਜੀਵ ਪ੍ਰਭੂ ਦੀਆਂ ਦਾਤਾਂ ਵਰਤ-ਵਰਤ ਕੇ ਵਿਕਾਰਾਂ ਵਿੱਚ ਹੀ ਖਪ-ਖਪ ਕੇ ਨਾਸ ਹੋ ਗਏ ਹਨ।

Countless (after consuming His bounties) indulge in evils and fade away.

# ੨੨

## ਕੇਤਿਆ ਦੂਖ ਭੂਖ ਸਦ ਮਾਰ ॥
## ਏਹਿ ਭਿ ਦਾਤਿ ਤੇਰੀ ਦਾਤਾਰ ॥

ਅਨੇਕਾਂ ਜੀਵਾਂ ਨੂੰ ਸਦਾ ਮਾਰ, ਕਲੇਸ਼ ਤੇ ਭੁੱਖ ਹੀ ਭਾਗਾਂ ਵਿੱਚ ਲਿਖੇ ਹਨ,
ਪਰ ਹੇ ਦੇਣਹਾਰ ਅਕਾਲਪੁਰਖ! ਇਹ ਵੀ ਤੇਰੀ ਬਖ਼ਸ਼ਿਸ ਹੀ ਹੈ ਕਿਉਂਕਿ ਇਹਨਾਂ ਦੁੱਖਾਂ ਤੇ ਕਲੇਸ਼ਾਂ ਦੇ ਕਾਰਨ ਹੀ ਮਨੁੱਖ ਨੂੰ ਰਜ਼ਾ ਵਿੱਚ ਤੁਰਨ ਦੀ ਸਮਝ ਪੈਂਦੀ ਹੈ।

Countless are enduring sufferings, hunger and traumas for ever.
But O Bestower ! this is also your gift as sufferings make us learn to live according to His will.

# ੨੩

## ਬੰਦਿ ਖਲਾਸੀ ਭਾਣੈ ਹੋਇ

ਮਾਇਆ ਦੇ ਮੋਹ ਰੂਪ ਬੰਧਨਾਂ ਤੋਂ ਛੁਟਕਾਰਾ ਅਕਾਲਪੁਰਖ ਦੀ ਰਜ਼ਾ ਵਿੱਚ ਤੁਰਿਆਂ ਹੀ ਹੁੰਦਾ ਹੈ।

Liberation from bondages of material attachment is achieved by living according to God's will.
None else can formulate any other way out.

# ੨੪

## ਆਪੇ ਜਾਣੈ ਆਪੇ ਦੇਇ

ਅਕਾਲ ਪੁਰਖ ਆਪ ਹੀ ਸਾਡੀਆਂ ਲੋੜਾਂ ਜਾਣਦਾ ਹੈ ਤੇ ਆਪ ਹੀ ਦਾਤਾਂ ਦੇਈ ਜਾਂਦਾ ਹੈ।

**God Himself knows, and Himself bestows the gifts.**

# ੨੫

## ਜਿਸ ਨੋ ਬਖਸੇ ਸਿਫਤਿ ਸਾਲਾਹ ॥
## ਨਾਨਕ ਪਾਤਿਸਾਹੀ ਪਾਤਿਸਾਹੁ ॥

ਹੇ ਨਾਨਕ! ਜਿਸ ਨੂੰ ਅਕਾਲਪੁਰਖ ਸਿਫਤਿ-ਸਾਲਾਹ ਬਖ਼ਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਭਗਤੀ ਹੀ ਸਭ ਤੋਂ ਉੱਚੀ ਦਾਤ ਹੈ। ਅਜਿਹਾ ਮਨੁੱਖ ਹੀ ਸ੍ਰੇਸ਼ਟ ਹੈ, ਅਮੀਰ ਹੈ ਤੇ ਮਹਾਨ ਹੈ।

O Nanak, whomsoever God grants His praises, such person becomes the king of kings. Singing of His praises is the highest gift.

"ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੨੬

## ਅਮੁਲੋ ਅਮੁਲੁ ਆਖਿਆ ਨ ਜਾਇ

ਅਕਾਲਪੁਰਖ
ਸਭ ਅੰਦਾਜ਼ਿਆ ਤੋਂ ਪਰੇ ਹੈ,
ਉਸਦਾ ਕੋਈ ਅੰਦਾਜ਼ਾ ਨਹੀਂ ਲੱਗ
ਸਕਦਾ।

God is beyond all
assessments;
none can assess Him.

# ੨੭

## ਜੇ ਕੋ ਆਖੈ ਬੋਲੁ ਵਿਗਾੜੁ ॥
## ਤਾ ਲਿਖੀਐ
## ਸਿਰਿ ਗਾਵਾਰਾ ਗਾਵਾਰੁ ॥

ਜੇ ਕੋਈ ਬੜਬੋਲਾ ਮਨੁੱਖ ਕਹੇ ਕਿ
ਅਕਾਲਪੁਰਖ ਇਤਨਾ ਵੱਡਾ ਹੈ,
ਤਾਂ ਉਹ ਮੂਰਖਾਂ ਸਿਰ ਮੂਰਖ ਗਿਣਿਆ
ਜਾਂਦਾ ਹੈ।

If any prater claims that
he can describe God,
then he is considered as
the greatest of fools.

“ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

# ੨੮

## ਹੈ ਭੀ ਹੋਸੀ ਜਾਇ ਨ ਜਾਸੀ
## ਰਚਨਾ ਜਿਨਿ ਰਚਾਈ

ਸ੍ਰਿਸਟੀ ਪੈਦਾ ਕਰਨ ਵਾਲਾ ਅਕਾਲਪੁਰਖ
ਕੀਤੀ ਹੈ, ਉਹ ਐਸ ਵੇਲੇ ਵੀ ਮੌਜੂਦ ਹੈ
ਅਤੇ ਸਦਾ ਰਹੇਗਾ,
ਨਾ ਉਹ ਜੰਮਦਾ ਹੈ ਤੇ ਨ ਹੀ
ਮਰਦਾ ਹੈ।

Creator of this universe,
is in existence at present
and will ever remain;
He is neither born,
nor He shall die.

# “ਜਪੁ ਜੀ ਸਾਹਿਬ”- ਵੀਚਾਰ ਪ੍ਰਵਾਹ

# ੨੯

## ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ

ਜੋ ਕੁਝ ਅਕਾਲਪੁਰਖ ਨੂੰ ਭਾਉਂਦਾਂ ਹੈ,
ਉਹੋ ਹੀ ਉਹ ਕਰੇਗਾ।
ਕੋਈ ਵੀ ਅਕਾਲਪੁਰਖ ਨੂੰ ਹੁਕਮ
ਨਹੀਂ ਕਰ ਸਕਦਾ।

God will do whatever
He wishes.
None can command
Him.
He cannot be directed
with do's and don'ts.

Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980

# ੩੦

## ਮਨਿ ਜੀਤੈ ਜਗਿ ਜੀਤੁ

ਜੇ ਆਪਣਾ ਮਨਿ ਜਿੱਤਿਆ ਜਾਏ ਤਾਂ ਸਾਰਾ ਜੱਗ ਹੀ ਜਿੱਤਿਆ ਜਾਦਾਂ ਹੈ।

Conquest of the mind, is conquest of the universe.

# "ਜਪੁ ਜੀ ਸਾਹਿਬ"- ਵੀਚਾਰ ਪ੍ਰਵਾਹ

# ੩੧

## ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗੁ

ਅਕਾਲਪੁਰਖ ਦੀ 'ਸੰਜੋਗ' ਸੱਤਾ ਤੇ 'ਵਿਜੋਗ' ਸੱਤਾ ਸੰਸਾਰ ਨੂੰ ਚਲਾ ਰਹੀਆਂ ਹਨ।
ਕੀਤੇ ਕਰਮਾਂ ਦੇ ਲੇਖੇ ਅਨੁਸਾਰ ਹੀ ਸਾਨੂੰ ਸੁਖ ਦੁਖ ਮਿਲ ਰਹੇ ਹਨ।

God's power for uniting and separating are regulating the universe, we get our share as per our destiny.

Sukrit
ਸੇਵਾ-ਆਚਾਰ-ਰੁਜ਼ਗਾਰ
098557-30199
0161-6416980
Self Help Project - 004